# ਪੇਪਸੀਕੋ ਇੰਡੀਆ ਨੇ ਪੰਜਾਬ ਦੇ ਕਿਸਾਨਾਂ ਦੀ ਸਹਾਇਤਾ ਨਾਲ ਝੋਨੇ ਦੀ ਖੇਤੀ ਦੀ ਨਵੀਂ ਤਕਨੀਕ ਦਾ ਸਫ਼ਲ ਪ੍ਰੀਖਣ ਕੀਤਾ

ਜੱਲੋਵਾਲ, 9 ਨਵੰਬਰ -ਪੇਪਸੀਕੋ ਇੰਡੀਆ ਨੇ ਅੱਜ ਇੱਥੇ ਝੋਨੇ ਦੀ ਸਿੱਧੀ ਬਿਜਾਈ ਦੇ ਸਫਲ ਪ੍ਰੀਖਣ ਦੇ ਨਤੀਜਿਆਂ ਦੀ ਘੋਸ਼ਣਾ ਕੀਤੀ। ਡਾਇਰੈਕਟਰ ਸੀਲਿੰਗ ਤਕਨੀਕ ਦੇ ਪ੍ਰਯੋਗ ਨਾਲ ਪਾਣੀ ਖਪਤ ਵਿੱਚ 40 ਪ੍ਰਤੀਸ਼ਤ ਤੱਕ ਦੀ ਬਚਤ ਦਰਜ ਕੀਤੀ ਗਈ ਹੈ। ਇਸੇ ਤਰ੍ਹਾਂ ਉਤਪਾਦਨ ਦੀ ਲਾਗਤ ਵਿੱਚ ਵੀ 1,00- ਰੁਪਏ ਪ੍ਰਤੀ ਏਕੜ ਤੋਂ ਜ਼ਿਆਦਾ ਦੀ ਕਮੀ ਆਈ ਹੈ। ਜਿਨ੍ਹਾ ਖੇਤਾਂ ਵਿੱਚ ਇਸ ਵਿਧੀ ਨਾਲ ਝੋਨੇ ਦੀ ਖੇੱਤੀ ਕੀਤੀ ਗਈ ਸੀ, ਉੱਥੇ ਹੁਣ ਇਸ ਫਸਲ ਦੀ ਕਟਾਈ ਚੱਲ ਰਹੀ ਹੈ। ਪੇਪਸੀਕੋ ਇੰਡੀਆ ਨੇ ਇਸੇ ਤਰ੍ਹਾਂ ਦੇ ਪ੍ਰੀਖਣ ਦਾ ਆਖਰੀ ਚਰਣ ਜੱਲੋਵਾਲ ਵਿੱਚ ਸਥਾਨਕ ਕਿਸਾਨਾਂ ਦੀ ਸਾਹਇਤਾ ਨਾਲ 20 ਏਕੜ ਜ਼ਮੀਨ ਤੇ ਪੂਰਾ ਕੀਤਾ। ਇਸ ਤੋਂ ਪਹਿਲ ਂ ਵੀ ਪੇਪਸੀਕੋ ਇੰਡੀਆ ਪਿਛਲੇ ਤਿੰਨ ਸਾਲਾਂ ਤੋਂ ਇਸੇ ਤਰ੍ਹਾਂ ਦੇ ਪ੍ਰਯੋਗ ਜੱਲੋਵਾਲ ਸਥਿਤ ਆਪਣੇ ਆਪ ਦੇ ਰਿਸਰਚ ਅਤੇ ਡਿਵੈੱਲਪਮੇਂਟ ਦੀ ਜ਼ਮੀਨ ਤੇ ਕਰਦੀ ਆ ਰਹੀ ਹੈ।

ਆਮ ਤੌਰ ਤੇ ਝੋਨੇ ਨੂੰ ਕਿਸੇ ਛੋਟੀ ਨਰਸਰੀ ਵਿੱਚ ਬੀਜਿਆ ਜਾਂਦਾ ਹੈ, ਜਿੱਥੋਂ ਇਹ ਕਰੀਬ ਚਾਰ ਹਫ਼ਤਿਆ ਬਾਅਦ ਉਸਦੇ ਪੌਦੇ ਹਟਾ ਕੇ ਪਾਣੀ ਵਿੱਚ ਭਰੇ ਮੁੱਖ ਖੇਤਾਂ ਵਿੱਚ ਕਰੀਬ ਤਿੰਨ ਇੰਚ ਉਚਾਈ ਤੱਕ ਪਾਣੀ ਭਰ ਕੇ ਰੱਖਿਆ ਜਾਂਦਾ ਹੈ, ਖਾਸ ਤੌਰ ਤੇ ਇਸ ਲਈ ਤਾਂ ਕਿ ਘਾਹ ਫੂਸ ਨਾ ਵੱਧ ਜਾਵੇ। ਜਦੋਂ ਕਿ ਇਸ ਪ੍ਰੰਪਾਰਿਕ ਵਿੱਧੀ ਵਿੱਚ ਪਾਣੀ ਦੀ ਖਪਤ ਜ਼ਿਆਦਾ ਹੁੰਦੀ ਹੈ ਜਦੋਂ ਕਿ ਪੇਪਸੀਕੋ ਇੰਡੀਆ ਵੱਲੋਂ ਸਫਲਤਪੂਰਵਕ ਜਾਂਚੀ ਪਰਖੀ ਗਈ 'ਡਾਇਰੈਕਟ ਸੀਡਿੰਗ' ਵਿਧੀ ਨਾਲ ਪਾਣੀ ਦੀ ਖਪਤ ਅਤੇ ਉਤਪਾਦਨ ਲਾਗਤ ਦੋਵਾਂ ਵਿੱਚ ਹੀ ਕਮੀ ਨੋਟ ਕੀਤੀ ਗਈ ਹੈ।

ਇਸ ਮੌਕੇ ਤੇ ਪੇਪਸੀਕੋ ਇੰਡੀਆ ਦੇ ਐਕਸਪਰਟ ਅਤੇ ਵਿਦੇਸ਼ ਮਾਮਲਿਆ ਦੇ ਐਗਜ਼ੀਕਿਊਟਿਵ ਡਾਇਰੈਟਰ ਸ੍ਰੀ ਆਭਿਰਾਮ ਸੇਠ ਨੇ ਕਿਹਾ ਕਿ 'ਝੋਨੇ ਦੀ ਖੇਤੀ ਨੂੰ ਪਾਣੀ ਦੀ ਭਾਰੀ ਖਪਤ ਦੇ ਲਈ ਜਾਣਿਆ ਜਾਂਦਾ ਹੈ। ਲੰਮੇ ਸਮੇ ਤੱਕ ਇਸਦੀ ਖੇਤੀ ਹੋਣ ਦੇ ਕਾਰਣ ਪੰਜਾਬ ਵਿੱਚ ਪਾਣੀ ਦਾ ਪੱਧਰ ਹੇਠਾਂ ਚਲਾ ਗਿਆ ਹੈ। ਇਸ ਤੋਂ ਇਲਾਵਾ, ਕਿਸਾਨਾਂ ਨੂੰ ਪੰਪ ਅਤੇ ਟਿਊਬਵੈੱਲ ਆਦਿ ਜ਼ਿਆਦਾ ਸਮੇਂ ਤੱਕ ਚਲਾਉਣ ਦੇ ਕਾਰਣ ਊਰਜਾ ਤੇ ਜ਼ਿਆਦਾ ਖਰਚ ਕਰਨਾ ਪੈਂਦਾਂ ਹੈ। ਭਾਰਤੀ ਖੇਤੀ ਜ਼ਿਆਦਾ ਪ੍ਰਭਾਵੀ ਬਨਾਉਣ ਦੇ ਲਈ ਪੇਪਸੀਕੋ ਇੰਡੀਆ ਨੇ ਤਿੰਨ ਸਾਲ ਪਹਿਲਾਂ ਇਸ਼ ਪਰਿਯੋਜਨਾ ਦੀ ਸ਼ੁਰੂਆਤ ਕੀਤੀ। ਪੇਪਸੀਕੋ ਇੰਡੀਆ ਆਪਣੇ ਪ੍ਰਯੋਗਾਂ ਦੀ ਸਫਲਤਾ ਤੋਂ ਉਤਸ਼ਾਹਿਤ ਹੋ ਕੇ ਝੋਨੇ ਦੀ ਡਾਇਰੈਕਟ ਸੀਡਿੰਗ ਵਿਧੀ ਦੇ ਬਾਰੇ ਵਿੱਚ ਜਾਗਰੂਕਤਾ ਫੈਲਾਉਣ ਦੇ ਨਾਲ ਨਾਲ ਇਸ ਵਿਧੀ ਨੂੰ ਪਸੰਦੀਦਾ ਵੀ ਬਨਾਉਣੀ ਚਾਹੁੰਦੀ ਹੈ , ਤਾਂ ਕਿ ਪਾਣੀ ਦੀ ਖਪਤ ਵਿੱਚ ਕਮੀ ਆਵੇ ਅਤੇ ਝੋਨੇ ਦੀ ਖੇਤੀ ਤੇ ਆਉਣ ਵਾਲੀ ਲਾਗਤ ਵੀ ਘਟੇ।